# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## 004

## ਦੱਸਵੀਂ *(X)*

*Time allowed : 3 hours* | *Maximum Marks : 90*

ਸਮਾਂ ੩ ਘੰਟੇ | ਅੰਕ ੯੦

### (ੳ) ਪਾਠ ਪੁਸਤਕਾਂ ਤੇ ਆਧਾਰਿਤ—

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਪੰਕਤੀ ਜਾਂ ਇਕ ਵਾਕ ਵਿੱਚ ਦਿਓ— **1x9=9**

1. ਈਅਰ ਫੋਨ ਕਹਾਣੀ ਦੇ ਕਹਾਣੀਕਾਰ ਦਾ ਕੀ ਨਾਂ ਹੈ?
2. ਕਹਾਣੀ 'ਦੁਸ਼ਮਣੀ' ਅੰਦਰ ਅਰਚਨਾ ਤੇ ਵੰਦਨਾ ਵਿੱਚ ਸਮਝੌਤਾ ਕਿਸ ਨੇ ਕਰਵਾਇਆ?
3. ਪਾਣੀ ਦੀ ਵਾਧੂ ਟੈਂਕੀ ਕਿਸ ਦੀ ਛੱਤ ਤੇ ਰੱਖੀ ਗਈ ਸੀ? ਕਹਾਣੀ 'ਦੁਸ਼ਮਣੀ' ਦੇ ਆਧਾਰ ਤੇ ਦੱਸੋ?
4. ਡਾ. ਅਬਦੁਲ ਕਲਾਮ ਨੂੰ ਧਾਰਮਕ ਸੰਸਕਾਰ ਕਿਸ ਪਾਸੋਂ ਮਿਲੇ?
5. ਪ੍ਰੀਤਨਗਰ ਸ਼ਹਿਰ ਕਿਹੜੇ ਮਹਾਨ ਸਾਹਿਤਕਾਰ ਨੇ ਵਸਾਇਆ ਸੀ?
6. ਦਸਵੰਧ ਤੋਂ ਕੀ ਭਾਵ ਹੈ?
7. ਕਵਿਤਾ 'ਕੁੱਖ ਦੀ ਆਵਾਜ਼' ਕਵਿਤਾ ਦੇ ਆਧਾਰ ਤੇ ਦੱਸੋ ਕਿ ਧੀ ਕਿਤਾਬਾਂ ਵਿਚੋਂ ਕੀ ਲੈ ਕੇ ਪੜ੍ਹਨ ਲਈ ਕਹਿ ਰਹੀ ਹੈ?
8. 'ਗੁੱਗਲ ਇਨਪੁੱਟ ਟੂਲ' ਕਿੰਨੀਆਂ ਭਾਸ਼ਾਵਾਂ ਲਈ ਕੰਮ ਕਰ ਸਕਦਾ ਹੈ?
9. ਊਰਜਾ ਮਨੁੱਖ ਅੰਦਰ ਕਿਹੋ ਜਿਹਾ ਬਦਲਾਓ ਲਿਆ ਸਕਦੀ ਹੈ?

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30–40 ਸ਼ਬਦਾਂ ਵਿੱਚ ਲਿਖੋ— **2x8=16**

(ੳ) ਨਾਨਕ ਸਿੰਘ ਦਾ ਸਭ ਤੋਂ ਪਹਿਲਾ ਨਾਵਲ ਕਿਹੜਾ ਸੀ? ਉਸ ਬਾਰੇ ਜਾਣਕਾਰੀ ਦਿਓ।
(ਅ) ਦੇਸ ਦੀ ਤਰੱਕੀ ਲਈ ਡਾ. ਅਬਦੁਲ ਕਲਾਮ ਨੇ ਕਿਹੜੀਆਂ-ਕਿਹੜੀਆਂ ਚੀਜ਼ਾਂ ਨੂੰ ਜ਼ਰੂਰੀ ਦੱਸਿਆ?
(ੲ) ਈਅਰ ਫੋਨ ਦੇ ਦੋ ਫਾਇਦੇ ਅਤੇ ਦੋ ਨੁਕਸਾਨ ਲਿਖੋ।
(ਸ) ਵੰਦਨਾ ਅਤੇ ਅਰਚਨਾ ਵਿਚ ਝਗੜੇ ਦਾ ਕਾਰਨ ਕੀ ਸੀ? ਕੀ ਤੁਸੀਂ ਇਸ ਝਗੜੇ ਦੇ ਕਾਰਨ ਨਾਲ ਸਹਿਮਤ ਹੋ?
(ਹ) ਪੰਜਾਬੀ ਭਾਸ਼ਾ ਬਾਰੇ ਕਵੀ ਕੀ ਵਿਚਾਰ ਪੇਸ਼ ਕਰ ਰਿਹਾ ਹੈ? ਕਵਿਤਾ 'ਮਾਣ ਪੰਜਾਬੀ ਦਾ' ਆਧਾਰ ਤੇ ਦੱਸੋ।
(ਕ) ਮਾਂ ਜੋ ਏਧਰ ਵੀ ਤੇ ਉਧਰ ਵੀ ਕਵਿਤਾ ਕਿਸ ਉਦੇਸ਼ ਨੂੰ ਲੈ ਕੇ ਰਚੀ ਗਈ ਹੈ?
(ਖ) 'ਰੁੰਡ-ਮੁੰਡ ਰੁੱਖ' ਨੂੰ ਵੇਖ ਕੇ ਲੇਖਕ ਦੇ ਮਨ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੋਏ?
(ਗ) ਲੋਕ-ਗੀਤਾਂ ਦੇ ਰੂਪਾਂ ਬਾਰੇ ਆਪਣੀ ਪਾਠ-ਪੁਸਤਕ ਦੇ ਆਧਾਰ ਤੇ ਦੱਸੋ।

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ— **5**

(1) ਨਿੰਦਰ ਘੁਗਿਆਣਵੀ ਆਸਟ੍ਰੇਲੀਆ ਜਾ ਕੇ ਕਿਵੇਂ ਪ੍ਰਭਾਵਿਤ ਹੋਇਆ? 100–125 ਸ਼ਬਦਾਂ ਵਿੱਚ

**ਜਾਂ**

ਲਾਡੋ ਕਹਿਕੇ ਸੱਦ ਲਵੀਂ, ਭਾਵੇਂ ਗੋਦੀ ਵਿਚ ਬਿਠਾਵੀਂ ਨਾ।

ਇੰਨੇ ਨਾਲ ਹੀ ਠੰਡ ਪੈ ਜਾਊ, ਭਾਵੇਂ ਛਾਤੀ ਨਾਲ ਲਗਾਵੀਂ ਨਾ।
ਨਾਲ ਬਿਆਦ ਜੇ ਮੋੜ ਦੇਵਾਂਗੀ, ਦੇ ਇਹ ਖੁਸ਼ੀ ਉਧਾਰੀ ਮਾਂ।
ਨਹੀਂ ਮੰਗਦੀ ਮੈਂ...

(i) ਇਹ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ?
(ii) ਲਾਡੋ ਕਹਿ ਕੇ ਕਿਸ ਨੂੰ ਸੱਦਣ ਦੀ ਗੱਲ ਕੀਤੀ ਗਈ ਹੈ?
(iii) ਇਨ੍ਹਾਂ ਸਤਰਾਂ ਦੇ ਕਵੀ ਦਾ ਕੀ ਨਾਂ ਹੈ?
(iv) ਮਾਂ ਤੋਂ ਕੀ ਮੰਗ ਕੀਤੀ ਗਈ ਹੈ?
(v) ਕੌਣ, ਕਿਸ ਦੀ ਛਾਤੀ ਨਾਲ ਲਗਣਾ ਚਾਹੁੰਦੀ ਹੈ ਤੇ ਕਿਉਂ?

(2) 'ਨਸ਼ੇ ਤੇ ਜੂਏ ਵਰਗੀਆਂ ਸਮਾਜਕ ਬੁਰਾਈਆਂ' ਦਾ ਘਰ-ਪਰਿਵਾਰ ਤੇ ਕੀ ਅਸਰ ਹੁੰਦਾ ਹੈ? ਆਪਣੇ ਵਿਚਾਰ ਲਿਖੋ।

**ਜਾਂ**

'ਬੇਬੇ ਰਾਮ ਭਜਨੀ' ਦਾ ਪਾਤਰ ਚਿਤਰਨ ਆਪਣੇ ਸ਼ਬਦਾਂ ਵਿੱਚ ਕਰੋ। 5

4. ਕਦਰਾਂ ਕੀਮਤਾਂ ਤੇ ਅਧਾਰਿਤ ਪ੍ਰਸ਼ਨ (100-125 ਸ਼ਬਦ) 5

"ਸਾਡੇ ਲੋਕ ਤਾਂ ਜਨਤਕ ਥਾਂਵਾਂ ਉੱਤੇ ਲੱਗਿਆ ਨਲਕਾ ਵੀ ਨਹੀਂ ਛੱਡਦੇ, ਨਾ ਟੂਟੀ, ਨਾ ਟਿਊਬ-ਲਾਈਟ ਤੇ ਨਾਂ ਬੱਲਬ........।"

ਉਪਰੋਕਤ ਸਤਰਾਂ ਦੇ ਲੇਖਕ ਦੇ ਮਨੋ-ਭਾਵ ਕੀ ਹੈ? ਕੀ ਤੁਸੀਂ ਉਸ ਨਾਲ ਸਹਿਮਤ ਹੋ! ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਦੱਸੋ।

## (ਅ) ਗਿਆਨ ਤੇ ਵਿਚਾਰ 1x5=5

***ਹੇਠ ਲਿਖੇ ਪੈਰਿਆਂ ਨੂੰ ਪੜ੍ਹ ਕੇ ਉਹਨਾਂ ਦੇ ਦਿੱਤੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ—***

1. ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਤੇ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿਚ ਵਾਧਾ ਕਰਨਾ ਸੀ। ਜਦੋਂ ਮਨੁੱਖ ਨੂੰ ਹੱਕਾਂ ਦੀ ਸੋਝੀ ਹੋ ਗਈ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਵੀ ਲੜਣ ਲੱਗਾ। ਸੰਸਾਰ ਵਿਚ ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਇਸ ਕਰਕੇ ਬਣਾਏ ਗਏ ਤਾਂ ਜੋ ਲੜਾਈ-ਝਗੜੇ ਨੂੰ ਰੋਕਿਆ ਜਾਵੇ। ਦੁਨੀਆਂ ਵਿਚ ਧਰਮ ਦੇ ਪੈਰੋਕਾਰਾਂ ਨੇ ਵੀ ਆਪਸ ਵਿਚ ਮਿਲ ਕੇ ਰਹਿਣ ਲਈ ਕਿਹਾ। ਸ਼ਾਂਤੀ ਦਾ ਉਪਦੇਸ਼ ਦਿੱਤਾ। ਫਿਰ ਵੀ ਕਈ ਲੜਾਈਆਂ ਧਰਮ ਦੇ ਨਾਮ ਉੱਤੇ ਹੋਈਆਂ। ਸਭ ਤੋਂ ਭਿਆਨਕ ਅਤੇ ਵਿਸ਼ਵ ਪੱਧਰ ਦੀਆਂ ਦੋ ਲੜਾਈਆਂ ਵੀਹਵੀਂ ਸਦੀ ਵਿਚ ਹੋਈਆਂ। ਦੂਜੇ ਵਿਸ਼ਵ ਯੁੱਧ ਵਿਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ ਜਿਸ ਨਾਲ ਜਾਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤਬਾਹੀ ਨੂੰ ਵੇਖਦਿਆਂ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਫੈਸਲਾ ਕੀਤਾ ਕਿ ਵਿਸ਼ਵ ਪੱਧਰ ਉੱਤੇ ਅਜਿਹੀ ਸੰਸਥਾ ਬਣਾਈ ਜਾਵੇ ਜਿਹੜੀ ਲੜਾਈਆਂ ਨੂੰ ਰੋਕ ਸਕੇ। ਇਸ ਸੰਸਥਾ ਦਾ ਨਾਮ ਸੰਯੁਕਤ ਰਾਸ਼ਟਰ

ਸੰਘ (ਯੂ.ਐਨ.ਓ) ਰੱਖਿਆ। ਇਸ ਸੰਸਥਾ ਨੇ 1981 ਈ. ਵਿਚ ਆਪਣੇ ਆਮ ਇਜਲਾਸ ਵਿਚ ਇਹ ਫੈਸਲਾ ਕੀਤਾ ਕਿ ਹਰ ਸਤੰਬਰ ਦੇ ਤੀਜੇ ਮੰਗਲਵਾਰ ਨੂੰ ਅੰਤਰਰਾਸ਼ਟਰੀ ਅਮਨ ਦਿਵਸ ਵਜੋਂ ਮਨਾਇਆ ਜਾਵੇ।

**(i) ਮਨੁੱਖਾਂ ਵਿਚ ਪਹਿਲਾਂ ਲੜਾਈ ਦਾ ਕੀ ਕਾਰਨ ਸੀ?**

**(ii) ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਕਿਉਂ ਬਣਾਏ ਗਏ?**

**(iii) ਧਰਮ ਦੇ ਪੈਰੋਕਾਰਾਂ ਨੇ ਕੀ ਉਪਦੇਸ਼ ਦਿੱਤੇ?**

**(iv) ਪਹਿਲੀ ਵਾਰ ਐਟਮੀ ਬੰਬ ਦੀ ਵਰਤੋਂ ਕਦੋਂ ਕੀਤੀ ਗਈ?**

**(v) ਸੰਯੁਕਤ ਰਾਸ਼ਟਰ ਸੰਘ ਨੇ ਕਿਹੜੇ ਦਿਨ ਨੂੰ ਅਮਨ-ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ?**

2. ਸਿੱਖ ਧਰਮ ਅਤੇ ਬਾਣੀ ਸੰਸਾਰ ਵਿਚ ਸੇਵਾ ਦੇ ਮਹਾਤਮ ਨੂੰ ਸਭ ਤੋਂ ਉੱਚਾ ਰੱਖਿਆ ਗਿਆ। ਸੇਵਾ ਉਹ ਕਰ ਸਕਦਾ ਹੈ ਜੋ ਆਪਣੇ ਬੰਧਨਾਂ ਤੋਂ ਉਪਰ ਉੱਠ ਚੁੱਕਾ ਹੈ। ਸੇਵਾ ਉਸ ਵਿਅਕਤੀ ਦੇ ਹਿੱਸੇ ਆਉਂਦੀ ਹੈ ਜੋ ਨਿਰਮਾਣ ਹੈ, ਜਿਸ ਅੰਦਰ ਦੂਜਿਆਂ ਦੇ ਦੁੱਖ-ਦਰਦ ਵੰਡਣ ਦੀ ਭਾਵਨਾ ਹੋਵੇ। ਸੇਵਾ ਕਿਸੇ ਲਈ ਪਰਉਪਕਾਰ ਮੰਨੀ ਗਈ ਹੈ। ਆਪਣੇ ਲਈ ਤਾਂ ਹਰ ਕੋਈ ਜਿਉਂਦਾ ਹੈ ਪਰ ਉਤਮ ਜੀਊਣਾ ਉਹ ਹੈ ਜੋ ਦੂਜਿਆਂ ਲਈ ਜੀਵਿਆ ਜਾਏ। ਮਹਾਤਮਾ ਬੁੱਧ ਨੇ ਕਿਹਾ ਸੀ ਕਿ ਜੋ ਮੇਰੀ ਸੇਵਾ ਕਰਨਾ ਲੋਚਦਾ ਹੈ, ਉਹ ਕਿਸੇ ਰੋਗੀ ਦੀ ਸੇਵਾ ਕਰੇ। ਸਿੱਖ ਇਤਿਹਾਸ ਵਿਚ ਭਾਈ ਘਨ੍ਹਈਆ ਜੀ ਇਸੇ ਲਈ ਆਦਰਸ਼ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਸੇਵਾ ਨੂੰ ਅਰਪਿਤ ਸੀ। ਜੰਗਾਂ ਯੁੱਧਾਂ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਆਉਣਾ ਅਤੇ ਲੰਗਰ ਦੀ ਸੇਵਾ ਕਰਨਾ, ਉਨ੍ਹਾਂ ਦਾ ਕਰਤਾਰੀ ਕਰਮ ਸੀ। ਸੇਵਾ ਭਾਵਨਾ ਨੇ ਸਾਰੀ ਹਉਮੈਂ ਦਾ ਨਾਸ ਕਰਨਾ ਹੁੰਦਾ ਹੈ ਅਤੇ ਜਿਸ ਅੰਦਰੋਂ ਹਉਮੈਂ ਮਿੱਟ ਗਈ ਹੈ, ਉਹ ਬ੍ਰਹਮ ਨਾਲ ਇਕਸਾਰ ਹੋ ਜਾਂਦਾ ਹੈ। ਬਾਣੀ ਵਿਚ ਉਪਦੇਸ਼ ਹੈ, 'ਹਉਮੈ ਬੁਝੈ ਤਾ ਦਰਿ ਸੂਝੈ' ਸੇਵਾ ਜਿਥੇ ਹਉਮੈਂ' ਤੋਂ ਮੁਕਤ ਕਰਦੀ ਹੈ, ਉਥੇ ਦੂਜਿਆਂ ਨਾਲ ਜੋੜਦੀ ਵੀ ਹੈ। ਸੇਵਾ ਬਿਗਾਨਿਆਂ ਨੂੰ ਆਪਣਾ ਬਣਾ ਲੈਂਦੀ ਹੈ। ਬਾਣੀ ਵਿਚ ਸੇਵਾ ਦੇ ਮਹਾਤਮ ਨੂੰ ਇੰਝ ਪ੍ਰਗਟਾਇਆ ਹੈ—ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ॥ **1x5=5**

**(i) ਸਿੱਖ ਧਰਮ ਵਿਚ ਕਿਸ ਮਹਾਤਮ ਨੂੰ ਸਭ ਤੋਂ ਉਪਰ ਰਖਿਆ ਗਿਆ ਹੈ?**

**(ii) ਸੇਵਾ ਕਿਹੜਾ ਮਨੁੱਖ ਕਰ ਸਕਦਾ ਹੈ?**

**(iii) ਉੱਤਮ ਜਿਊਣਾ ਕੀ ਹੈ?**

**(iv) ਭਾਈ ਘਨ੍ਹਈਆ ਨੂੰ ਸੇਵਾ ਭਾਵਨਾ ਵਿਚੋਂ ਕਿਸ ਦਾ ਫ਼ਖਰ ਹਾਸਿਲ ਸੀ?**

**(v) ਸੇਵਾ ਭਾਵਨਾ ਕਿਸ ਦਾ ਨਾਸ ਕਰਦੀ ਹੈ?**

**(ੲ) ਲਿਖਤੀ** **12**

(1) ਹੇਠ ਲਿਖੇ ਵਿਸ਼ਿਆਂ ਵਿਚੋਂ ਨੁਕਤਿਆਂ ਦੇ ਆਧਾਰ ਤੇ 250 ਸ਼ਬਦਾਂ ਦਾ ਲੇਖ ਲਿਖੋ—

**'ਬੇਰੁਜ਼ਗਾਰੀ ਦੀ ਸਮੱਸਿਆ'**

* ਬੇਰੁਜ਼ਗਾਰੀ ਇਕ ਗੰਭੀਰ ਸਮੱਸਿਆ
* ਤਕਨੀਕੀ ਸਿਖਲਾਈ ਪ੍ਰਾਪਤ
* ਪੜ੍ਹੇ-ਅਨਪੜ੍ਹੇ ਬੇਰੁਜ਼ਗਾਰ
* ਬੇਰੁਜ਼ਗਾਰੀ ਦੇ ਕਾਰਨ

* ਵਿਹਲਾ ਚਿੱਤ ਸ਼ੈਤਾਨ ਦਾ ਚਰਖਾ
* ਸਿੱਟਾ

**ਜਾਂ**

**ਨਾਨਕ ਦੁਖੀਆ ਸਭ ਸੰਸਾਰ**

* ਤੁਕ ਦਾ ਅਰਥ
* ਸੰਸਾਰ ਵਿੱਚ ਸਾਰੇ ਦੁਖੀ ਹਨ
* ਦੁੱਖਾਂ ਦਾ ਮੂਲ ਕਾਰਨ
* ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ
* ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ
* ਸਿੱਟਾ

2. ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ— 8

ਤੁਹਾਡਾ ਕੰਪਿਊਟਰ ਖਰਾਬ ਹੈ, ਕੰਪਨੀ ਦੇ ਮੈਨੇਜਰ ਨੂੰ ਉਸ ਦੀ ਮੁਰੰਮਤ ਕਰਾਉਣ ਲਈ ਕੰਪਨੀ ਨੂੰ ਪੱਤਰ ਲਿਖੋ—

**ਨੁਕਤੇ—**

* ਕੰਪਿਊਟਰ ਵਿੱਚ ਨੁਕਸ ਹੋਣਾ
* ਕੰਪਿਊਟਰ ਦਾ ਮਾਡਲ
* ਗਾਰੰਟੀ ਦਾ ਸਮਾਂ
* ਪੜ੍ਹਾਈ ਦਾ ਨੁਕਸਾਨ
* ਫੌਰਨ ਮੁਰਮੰਤ ਦੀ ਲੋੜ

ਜਾਂ

ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਦੱਸੋ ਕਿ ਸਕੂਲਾਂ ਦੀਆਂ ਫੀਸਾਂ ਇੰਨੀਆਂ ਵੱਧ ਗਈਆਂ ਹਨ ਕਿ ਆਮ ਸ਼ਹਿਰੀ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਔਖਾ ਹੋ ਗਿਆ ਹੈ —

**ਨੁਕਤੇ—**

* ਅਖ਼ਬਾਰ ਦੇ ਕਾਲਮ ਵਿੱਚ ਥਾਂ
* ਆਮ ਆਦਮੀ ਕੋਲ ਵਸੀਲੇ ਘੱਟ
* ਸਕੂਲ ਦੇ ਪ੍ਰਬੰਧਕਾਂ ਵਲੋਂ ਫੀਸ ਵਧਾਉਣਾ
* ਬੱਚਿਆਂ ਨੂੰ ਪੜ੍ਹਾਉਣਾ ਔਖਾ
* ਯੋਗ ਵਿਵਸਥਾ ਦੀ ਜ਼ਰੂਰਤ

## (ਸ) ਵਿਆਕਰਨ

1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣੋ — **1x4=4**

**(i)** 'ਲਾ ਇਲਾਜ, ਲਾਪ੍ਰਵਾਹ' ਸ਼ਬਦਾਂ ਵਿੱਚ ਲਾ ਕੀ ਹੈ?

(ੳ) ਮੂਲ ਸ਼ਬਦ　　(ਅ) ਅਗੇਤਰ

(ੲ) ਪਿਛੇਤਰ　　(ਸ) ਨਿਰਾਰਥਕ ਸ਼ਬਦ

**(ii)** ਕਿਹੜੇ ਸ਼ਬਦ ਨੂੰ ਅਗੇਤਰ ਨਹੀਂ ਲੱਗਾ—

(ੳ) ਬੇਰ　　(ਅ) ਬੇਅੰਤ

(ੲ) ਬੇਸਮਝ　　(ਸ) ਬੇਈਮਾਨ

**(iii)** 'ਆਣੀ' ਪਿਛੇਤਰ ਲਗਾ ਸ਼ਬਦ ਚੁਣੋ—

(ੳ) ਪਾਣੀ (ਅ) ਖਤਰਾਣੀ

(ੲ) ਮਧਾਣੀ (ਸ) ਨਾਨੀ

**(iv)** ਕਿਹੜਾ ਸ਼ਬਦ ਪਿਛੇਤਰ ਲੱਗਾ ਨਹੀਂ ਹੈ—

(ੳ) ਪੜ੍ਹਾਈ (ਅ) ਦਵਾਈ

(ੲ) ਹਵਾਈ (ਸ) ਆਈ

**(v)** 'ਖੁਸ਼ ਅਤੇ ਨਸੀਬ' ਸ਼ਬਦ ਲਈ ਸਮਾਸੀ ਸ਼ਬਦ ਹੈ— **1x4=4**

(ੳ) ਖੁਸਨਸੀਬ (ਅ) ਖੁਸ਼-ਨਸੀਬ

(ੲ) ਖੁਸ਼ੀ ਵਾਲਾ ਨਸੀਬ (ਸ) ਕੋਈ ਨਹੀਂ

**(vi)** 'ਸੈਨਾ ਦਾ ਪਤੀ' ਸ਼ਬਦ ਸਮੂਹ ਲਈ ਸਮਾਸੀ ਸ਼ਬਦ ਹੈ—

(ੳ) ਸੈਨਾ ਵਾਲਾ ਪਤੀ (ਅ) ਸੈਨਾਪਤੀ

(ੲ) ਸੈਨਾ ਅਤੇ ਪਤੀ (ਸ) ਸੈਨਾ-ਪਤੀ

**(vii)** ਸਮਾਸੀ ਸ਼ਬਦ 'ਰਾਸ਼ਟਰ-ਪਤੀ' ਲਈ ਸ਼ਬਦ ਸਮੂਹ ਹੈ—

(ੳ) ਰਾਸ਼ਟਰ ਲਈ ਪਤੀ (ਅ) ਰਾਸ਼ਟਰਪਤੀ

(ੲ) ਰਾਸ਼ਟਰ ਦਾ ਪਤੀ (ਸ) ਰਾਸ਼ਟਰ ਵਾਲਾ ਪਤੀ

**(viii)** ਸਮਾਸ ਦਾ ਅਰਥ ਹੈ—

(ੳ) ਮਦਦ (ਅ) ਜੋੜਨਾ

(ੲ) ਵੰਡਣਾ (ਸ) ਵੱਖਰਾ ਕਰਨਾ

**(ix)** ਵਿਸਮਿਕ ਚਿੰਨ੍ਹ ਚੁਣੋ— **1x4=4**

(ੳ) ? (ਅ) !

(ੲ) :- (ਸ) " "

**(x)** ਉਏ! ਅੜਿਆ! ਬੀਬਾ! ਵੇ!! ਨੀ! ਕਿਹੜੀ ਕਿਸਮ ਦੇ ਵਿਸਮਿਕ ਹਨ?

(ੳ) ਸੰਬੋਧਨੀ (ਅ) ਪ੍ਰਸੰਸਾ-ਵਾਚਕ

(ੲ) ਸ਼ੋਕ-ਵਾਚਕ (ਸ) ਹੈਰਾਨੀ-ਵਾਚਕ

**(xi)** 'ਦਫ਼ਾ ਹੋ ਜਾ! ਮੇਰੇ ਮੱਥੇ ਨਾ ਲੱਗੀਂ!' ਕਿਹੜੀ ਕਿਸਮ ਦਾ ਵਿਸਮਿਕ ਹੈ?

(ੳ) ਸਤਿਕਾਰ-ਵਾਚਕ (ਅ) ਫਿਟਕਾਰ-ਵਾਚਕ

(ੲ) ਇੱਛਾ-ਵਾਚਕ (ਸ) ਅਸੀਸ-ਵਾਚਕ

**(xii)** ਖੁਸ਼ੀ, ਗ਼ਮੀ, ਹੈਰਾਨੀ, ਪ੍ਰਸੰਸਾ ਲਈ ਜਿਹੜੇ ਸ਼ਬਦ ਸਾਡੇ ਮੂੰਹ ਤੋਂ ਨਿਕਲਦੇ ਹਨ, ਉਹਨਾਂ ਨੂੰ ਕੀ ਕਹਿੰਦੇ ਹਨ—

(ੳ) ਕਿਰਿਆ (ਅ) ਯੋਜਕ

(ੲ) ਵਿਸਮਿਕ (ਸ) ਸੰਬੰਧਕ

(xiii) 'ਵਿਆਹੁਤਾ ਜੋੜੀ ਦੀ ਤਾਰੀਫ ਕਰਨੀ ਹੋਵੇ ਤਾਂ'.....ਅਖਾਣ ਦਾ ਅਰਥ ਹੈ— **1x3=3**

(ੳ) ਜੋੜੀਆਂ ਜੱਗ ਥੋੜੀਆਂ, ਨਰੜ ਬਥੇਰੇ (ਅ) ਊਠ ਦੇ ਗਲ ਟੱਲੀ

(ੲ) ਰੱਬ ਮਿਲਾਈ ਜੋੜੀ ਇੱਕ ਅੰਨ੍ਹਾ ਇਕ ਕੋਹੜੀ (ਸ) ਗਲ ਪਿਆ ਢੋਲ ਵਜਾਉਣਾ ਪੈਂਦਾ

**(xiv)** ਅਖਾਣ ਪੂਰਾ ਕਰੋ—ਗੰਗਾ ਗਏ ਗੰਗਾ ਰਾਮ............।

(ੳ) ਗੋਦਾਵਰੀ ਗਏ ਗੋਦਾਵਰੀ ਦਾਸ

(ਅ) ਜੇਹਲਮ ਗਏ ਜੇਹਲਮ ਦਾਸ

(ੲ) ਰਾਵੀ ਗਏ ਰਾਵੀ ਦਾਸ

(ਸ) ਜਮਨਾ ਗਏ ਜਮਨਾ ਦਾਸ

**(xv)** ਲਿਖੇ ਮੂਸਾ..........।

(ੳ) ਪੜ੍ਹੇ ਕੌਣ (ਅ) ਪੜ੍ਹੇ ਰੱਬ

(ੲ) ਪੜ੍ਹੇ ਖ਼ੁਦਾ (ਸ) ਇਹਨਾਂ ਵਿੱਚੋਂ ਕੋਈ ਨਹੀਂ

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ—** **1x5=5**

(1) ਪਿਛੇਤਰ ਕਿਸ ਨੂੰ ਕਹਿੰਦੇ ਹਨ? ਉਦਾਹਰਣ ਵੀ ਲਿਖੋ।

(2) 'ਜਾਤ ਦੀ ਕੋੜ੍ਹ-ਕਿਰਲੀ ਤੇ ਸ਼ਤੀਰਾਂ ਨੂੰ ਜੱਫੇ', ਇਹ ਅਖਾਣ ਕਿਹੜੇ ਮੌਕੇ ਤੇ ਵਰਤਿਆ ਜਾਂਦਾ ਹੈ।

(3) ਇੱਛਾ ਵਾਚਕ ਵਿਸਮਿਕ ਕਿਸ ਨੂੰ ਕਹਿੰਦੇ ਹਨ ਪਰਿਭਾਸਾ ਲਿਖੋ।

(4) ਰਾਸ਼ਟਰ ਅਤੇ ਪਤੀ ਸ਼ਬਦ ਸਮੂਹ ਦਾ ਸਮਾਸੀ ਸ਼ਬਦ ਬਣਾਓ।

(5) 'ਜਿੱਥੇ ਚਾਹ..........।' ਅਖਾਣ ਪੂਰਾ ਕਰੋ।